# ਜਿਨ ਤੁਮ ਸੰਗਿ ਹੇਤ

**ਗਉੜੀ ਮਹਲਾ ੫ ॥**

**ਧਨੁ ਓਹੁ ਮਸਤਕੁ ਧਨੁ ਤੇਰੇ ਨੇਤ ॥**

**ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ ॥੧॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਨੇ ਗਉੜੀ ਰਾਗ ਵਿਚ ਉਚਾਰਣ ਕੀਤਾ ਹੈ, ਜੋ ਪੰਨਾ ੨੦੦ ਤੇ, ਅੰਕਤ ਹੈ। ਇਸ ਸ਼ਬਦ ਵਿਚ, ਪਾਤਸ਼ਾਹ ਨੇ ਨਾਮ ਦੀ ਅਤੇ ਨਾਮ ਜਪਣ ਵਾਲਿਆਂ ਦੀ ਵਡਿਆਈ ਕੀਤੀ ਹੈ।

– – ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਓਹ ਮਸਤਕ ਧੰਨ ਹੈ ਜੋ ਗੁਰੂ ਦੇ ਚਰਣਾਂ ਤੇ ਲਗਦਾ ਹੈ, ਚਰਣਾਂ ਦੀ ਛੋਹ ਪ੍ਰਾਪਤ ਕਰਦਾ ਹੈ। ਓਹ ਨੇਤਰ ਵੀ ਧੰਨ ਹਨ ਜੋ ਗੁਰੂ/ਪ੍ਰਭੂ ਦੇ ਦਰਸ਼ਨ ਕਰਦੇ ਹਨ।

ਜਿਵੇਂ ਪਾਤਸ਼ਾਹ ਜੀ ਜ਼ਾਹਰ ਦਰਸ਼ਨ ਹੁੰਦੇ ਦਸਦੇ ਹਨ – 'ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥' ਪੰਨਾ ੩੯੭, ਜਾਂ ਭਗਤ ਨਾਮਦੇਵ ਜੀ ਨੂੰ ਨਾਰਾਇਣ ਦੇ ਦਰਸ਼ਨ ਹੋਏ – 'ਨਾਮੇ ਹਰਿ ਕਾ ਦਰਸਨੁ ਭਇਆ॥', ਪੰਨਾ ੧੧੬੪. ਇਸੇ ਤਰ੍ਹਾਂ ਭਗਤ ਰਵਿਦਾਸ ਜੀ ਬਾਰੇ ਪੰਚਮ ਪਾਤਸ਼ਾਹ, ਪੰਨਾ ੪੮੭ ਤੇ, ਦਸਦੇ ਹਨ ਕਿ ਭਗਤ ਰਵਿਦਾਸ ਜ ਤਾਂ ਰੋਜ਼ ਮਰੇ ਹੋਏ ਪਸ਼ੂ ਢੋਂਦੇ ਸਨ, ਉਨ੍ਹਾਂ ਨੇ ਮਾਇਆ ਅਤੇ ਉਸ ਦਾ ਮੋਹ ਤਿਆਗ ਦਿਤਾ ਅਤੇ ਸਾਧੂ ਸੰਗਤਿ ਕਰਨ ਨਾਲ ਉਨ੍ਹਾਂ ਨੇ ਵਾਹਗੁਰੂ ਦਾ ਦਰਸ਼ਨ ਪ੍ਰਾਪਤ ਕਰ ਲਿਆ – 'ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ॥' ਇਹੀ ਇਤਿਹਾਸ ਆਦਿ ਕਾਲ ਤੋਂ ਵਾਪਰਦਾ ਆਇਆ ਹੈ ਅਤੇ ਅਜ ਵੀ ਵਾਪਰ ਰਿਹਾ ਹੈ। ਇਸ ਤਰ੍ਹਾਂ ਦਰਸ਼ਨ ਪੇਖਣ, ਦੇਖਣ ਦੀ ਅਵੱਸਥਾ ਵੀ, ਭਾਈ ਗੁਰਦਾਸ ਜੀ ਨੇ ਬਿਆਨ ਕੀਤੀ ਹੈ – 'ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ ਬੁਧਿ ਕੀ ਨ ਬੁਧਿ ਰਹੀ ਮਤਿ ਮੇ ਨ ਮਤਿ ਹੈ॥' ਅਜਿਹੇ ਮਨੁਖ ਨੂੰ ਹੀ ਦੁਨੀਆਂ ਬਉਰਾ ਕਹਿੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ, ਉਨ੍ਹਾਂ ਦੇ ਆਪਣੇ, ੯੯੧ ਪੰਨੇ ਤੇ ਬਿਆਨ ਕਰਣ ਅਨੁਸਾਰ ਕਿਹਾ- 'ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥' ਭਗਤ ਕਬੀਰ ਜੀ ਨੂੰ ਵੀ ਘਰ ਬਾਹਰ, 'ਬਉਰਾ' ਕਿਹਾ ਜਾਂਦਾ ਸੀ ਅਤੇ ਪ੍ਰਭੂ ਭਗਤੀ ਦੇ ਰਾਹ ਤੇ ਪੈਣ ਕਰਕੇ, ਉਨ੍ਹਾਂ ਦੀ ਆਪਣੀ ਮਾਤਾ, ਉਨ੍ਹਾਂ ਨੂੰ ਵਿਗੜਿਆ ਹੋਇਆ ਕਹਿੰਦੀ ਸੀ – 'ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ॥ ਮੈ ਬਿਗਰਿਓ ਬਿਗਰੈ ਮਤਿ ਅਉਰਾ॥' ਪੰਨਾ ੮੫੫.

ਪਾਤਸ਼ਾਹ, ੨੦੧ ਪੰਨੇ ਤੇ, ਵੀ ਫ਼ੁਰਮਾਣ ਕਰਦੇ ਹਨ ਕਿ ਉਹ ਨੇਤਰ ਧੰਨ ਹਨ, ਜੋ ਗੋਬਿੰਦ ਦੇ ਦਰਸ਼ਨ ਕਰਦੇ ਹਨ ਅਤੇ ਉਹ ਮੱਥਾ ਧੰਨ ਹੈ, ਜੋ ਗੋਬਿੰਦ/ਗੁਰੂ ਦੇ ਚਰਣ ਕਮਲਾਂ ਦੀ ਛੋਹ ਪ੍ਰਾਪਤ ਕਰਦਾ ਹੈ – 'ਨੇਤ੍ਰ ਪੁਨੀਤ ਪੇਖਤ ਹੀ ਦਰਸ॥ ਧਨਿ ਮਸਤਕ ਚਰਨ ਕਮਲ ਹੀ ਪਰਸ॥' ਪਾਤਸ਼ਾਹ ਨੇ, ੬੮੦ ਪੰਨੇ ਤੇ ਬਚਨ ਕੀਤਾ ਹੈ ਕਿ ਉਸ ਗੋਪਾਲ ਦੇ ਦਰਸ਼ਨ ਕਰਕੇ ਨੇਤਰ ਅਤਿਅੰਤ ਪਵਿਤਰ ਹੋ ਗਏ ਹਨ ਅਤੇ ਉਨ੍ਹਾਂ ਦੀ ਚਰਣ ਧੂੜ ਲਗਣ ਨਾਲ ਮੱਥਾ ਪਵਿਤਰ ਹੋ ਗਿਆ ਹੈ – 'ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ॥'

– – **ਹੇ ਵਾਹਗੁਰੂ ! ਧੰਨ ਹਨ ਉਹ ਭਗਤ ਜਿਨ੍ਹਾਂ ਨੂੰ ਤੇਰੇ ਨਾਲ ਪ੍ਰੇਮ ਹੈ।੧।**

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੯ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਭਗਤ ਰੂਪੀ ਸੁਹਾਗਣ ਇਸਤ੍ਰੀਆਂ ਧੰਨਤਾ ਜੋਗ ਹਨ ਜਿਨ੍ਹਾਂ ਨੂੰ ਆਪਣੇ ਪਤੀ ਪ੍ਰਭੂ/ਗੁਰੂ ਨਾਲ ਪ੍ਰੇਮ ਹੈ –

'ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ॥' ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜਿਸਨੇ ਉਸ ਸਿਰਜਣਹਾਰ ਵਾਹਗੁਰੂ ਨੂੰ ਜਪਿਆ ਹੈ, ਉਸ ਦਾ ਸਿਮਰਣ ਕੀਤਾ ਹੈ, ਉਸ ਤੋਂ ਮੈਂ ਆਪਣੇ ਆਪ ਨੂੰ ਵਾਰਦਾ ਹਾਂ, ਉਸ ਨੂੰ ਆਪਣਾ ਸਭ ਕੁਝ ਨਿਛਾਵਰ ਕਰਦਾ ਹਾਂ - 'ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ॥' ਪੰਚਮ ਪਾਤਸ਼ਾਹ ਦਾ ਬਚਨ ਹੈ ਕਿ ਇਕ ਸਾਈਂ ਨਾਲ ਪ੍ਰੇਮ ਕਰਣ ਅਤੇ ਉਸ ਦੇ ਨਾਮ ਜਪਣ ਤੋਂ ਬਿਨਾਂ ਹੋਰ ਸਾਰੇ ਕਾਰਜ ਵਿਅਰਥ ਹਨ ਉਹੀ ਮਨੁਖ ਧੰਨ ਹੈ ਜਿਸ ਦਾ ਉਸ ਸਚੇ, ਸਦਾ ਕਾਇਮ ਰਹਿਣ ਵਾਲੇ ਮਾਲਕ, ਪ੍ਰਭੂ ਨਾਲ ਡੂੰਘਾ ਪਿਆਰ ਹੈ, ਪ੍ਰੀਤ ਹੈ - 'ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ॥ ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ॥', ਪੰਨਾ ੭੦੯.

**ਨਾਮ ਬਿਨਾ ਕੈਸੇ ਸੁਖੁ ਲਹੀਐ॥**

**ਰਸਨਾ ਰਾਮ ਨਾਮ ਜਸੁ ਕਹੀਐ॥੧॥ਰਹਾਉ॥**

-- ਸ੍ਰੀ ਗੁਰੂ ਅਰਜਨ ਸਾਹਿਬ, ਪ੍ਰਸ਼ਨ ਰੂਪ ਵਿਚ ਫ਼ੁਰਮਾਣ ਕਰ ਰਹੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਵਾਹਗੁਰੂ ਦੇ ਨਾਮ ਤੋਂ ਬਿਨਾਂ ਪਰਮ ਜਾਂ ਸਦੀਵੀ ਸੁਖ ਦੀ ਪ੍ਰਾਪਤੀ ਹੋ ਜਾਵੇ !

ਭਾਵ, ਪਰਮੇਸ਼ਰ ਦਾ ਨਾਮ ਜਪੇ ਬਿਨਾਂ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ - 'ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥' ਸੁਖਮਨੀ ਸਾਹਿਬ ਵਿਚ ਵੀ ਉਪਦੇਸ਼ ਦੇ ਰਹੇ ਹਨ ਕਿ ਸਿਮਰ ਲਉ ਅਤੇ ਸਿਮਰ ਕੇ ਸੁਖ ਪਾ ਲਉ ਅਤੇ ਇਸ ਤਨ ਵਿਚੋਂ ਹਰ ਤਰ੍ਹਾਂ ਦੇ ਕਲੇਸ਼ ਮਿਟਾ ਲਉ- 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥' ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਵੀ, ਪੰਨਾ ੩੪ ਤੇ, ਬਚਨ ਕੀਤਾ ਹੈ ਕਿ ਸਿਰਫ਼ ਨਾਮ ਜਪਣ ਨਾਲ ਹੀ ਸੁਖ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੇ ਦਿਤੇ ਸਚੇ ਸ਼ਬਦ ਗੁਰਮੰਤਰ ਦੇ ਜਪਣ ਨਾਲ ਸਭ ਕੁਝ ਸੋਹਣਾ ਹੋ ਜਾਂਦਾ ਹੈ - 'ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ॥'

-- ਆਪਣੀ ਰਸਨਾ ਨਾਲ ਵੀ ਰਾਮ, ਪ੍ਰਭੂ ਦਾ ਨਾਮ, ਭਾਵ ਜੱਸ ਕਰੀਏ, ਸਿਮਰਣ ਕਰੀਏ।੧।ਰਹਾਉ।

ਪਾਤਸ਼ਾਹ, ੧੯੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਮਹੂਰਤ, ਉਹ ਘੜੀਆਂ ਸਫ਼ਲ ਹਨ, ਜਦੋਂ ਰਸਨਾ ਵਾਹਗੁਰੂ ਵਾਹਗੁਰੂ ਉਚਾਰਦੀ ਹੈ - 'ਸਫਲ ਮੂਰਤੁ ਸਫਲ ਓਹ ਘਰੀ॥ ਜਿਤੁ ਰਸਨਾ ਉਚਰੈ ਹਰਿ ਹਰੀ॥' ਸ੍ਰੀ ਗੁਰੂ ਅਮਰਦਾਸ ਸਾਹਿਬ, ੬੪੭ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਉਹ ਰਸਨਾ, ਖਰੀ ਤੇ ਸੁਹਾਵਣੀ ਹੈ ਜੋ ਵਾਹਗੁਰੂ ਵਾਹਗੁਰੂ, ਹਰਿ ਜੱਸ ਗਾਉਂਦੀ ਹੈ। ਜੋ ਮਨ, ਤਨ ਤੇ ਮੁਖ ਨਾਲ ਵਾਹਗੁਰੂ ਵਾਹਗੁਰੂ ਬੋਲਦੀ ਹੈ ਉਹ ਜੀਵ ਇਸਤਰੀ, ਪ੍ਰਭੂ ਨੂੰ ਭਾਉਂਦੀ ਹੈ - 'ਹਰਿ ਰਸਨਾ ਹਰਿ ਜਸੁ ਗਾਵੈ ਖਰੀ ਸੁਹਾਵਣੀ॥ ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ॥'

**ਤਿਨ ਊਪਰਿ ਜਾਈਐ ਕੁਰਬਾਣੁ ॥**

**ਨਾਨਕ ਜਿਨਿ ਜਪਿਆ ਨਿਰਬਾਣੁ ॥੨॥੧੦੪॥੧੭੩॥**

-- ਪਾਤਸ਼ਾਹ, ਪੰਜਵੇ ਨਾਨਕ, ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਭਗਤ ਜਨਾਂ ਉਪਰ ਕੁਰਬਾਨ ਹੋ ਜਾਈਏ

-- ਜਿਨ੍ਹਾਂ ਨੇ ਨਿਰਲੇਪ ਤੇ ਨਿਰ-ਬੰਧਨ, ਪ੍ਰਭੂ ਦਾ ਨਾਮ ਜਪਿਆ ਹੈ।੨।੧੦੪।੧੭੩।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫੁਰਮਾਣ ਹੈ ਕਿ ਜੋ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਕੇ ਵਾਹਗੁਰੂ ਦੀ ਅਰਾਧਨਾ ਕਰਦੇ ਹਨ, ਸਿਮਰਣ ਕਰਦੇ ਹਨ, ਮੈਂ ਉਨ੍ਹਾਂ ਤੋਂ ਆਪਣੇ ਆਪ ਨੂੰ ਕੁਰਬਾਨ ਕਰਦਾ ਹਾਂ, ਭਾਵ ਉਨ੍ਹਾਂ ਨੂੰ ਸਮੱਰਪਤ ਹੋ ਜਾਂਦਾ ਹਾਂ - 'ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ॥' ਪੰਨਾ ੮੪.

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੧੧ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਪਰਮੇਸ਼ਰ ਦਾ ਨਾਮ ਜਪਦੇ ਹਨ, ਪਰਮੇਸ਼ਰ ਦਾ ਸਿਮਰਣ ਕਰਦੇ ਹਨ, ਪਰਮੇਸ਼ਰ ਦਾ ਜਨ, ਨਾਨਕ ਉਨ੍ਹਾਂ ਤੋਂ ਬਲਿਹਾਰ, ਕੁਰਬਾਨ ਜਾਂਦਾ ਹੈ - 'ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੯੬੨ ਤੇ, ਫ਼ੁਰਮਾਣ ਕੀਤਾ ਹੈ ਕਿ, ਜੋ ਵੀ ਨੀਚ ਕਹਾਉਣ ਵਾਲਾ, ਭਾਵ, ਨਿਮਰਤਾ ਵਾਲਾ ਸੇਵਕ ਤੇਰੀ ਭਗਤੀ ਕਰਦਾ ਹੈ, ਤੇਰੇ ਅਪਾਰ ਗੁਣਾਂ ਦਾ ਸਿਮਰਣ ਕਰਦਾ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ, ਬਲਿਹਾਰ ਜਾਂਦਾ ਹਾਂ - 'ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ॥' ਕਹਿਣ ਦਾ ਭਾਵ ਇਹ ਕਿ ਉਹ ਭਗਤ ਜਨ, ਜਿਨ੍ਹਾਂ ਨੇ, ਉਸ ਸਚੇ ਪ੍ਰਭੂ ਨੂੰ ਧਿਆਇਆ ਹੈ, ਉਨ੍ਹਾਂ ਦੀ ਸੰਗਤ ਅਤਿਅੰਤ ਕੀਮਤੀ ਹੈ। ਕਿਉਂਕਿ ਉਨ੍ਹਾਂ ਕੋਲ ਹੀ ਤਾਂ ਨਾਮ ਦਾ ਖਜ਼ਾਨਾ ਹੈ। ਉਨ੍ਹਾਂ ਤੋਂ ਹੀ ਇਹ ਖਜ਼ਾਨਾ ਮਿਲ ਸਕਦਾ ਹੈ ਅਤੇ ਉਹੀ 'ਬਸੀਠ' ਬਣ ਕੇ ਉਸ ਪ੍ਰਭੂ ਨਾਲ ਮਿਲਾ ਸਕਦੇ ਹਨ। ਇਸ ਕੰਮ ਲਈ ਉਨ੍ਹਾਂ ਤੋਂ ਕੁਰਬਾਨ ਹੋ ਜਾਣਾ ਹੀ ਬਣਦਾ ਹੈ।

